ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਵੱਲ -

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਪੰਜਾਬ।

ਮੀਮੋ ਨੰਬਰ - 15/55-2015 ਕੋ. ਸੈਲ (2) / 25505।
ਮਿਤੀ, ਐਸ.ਏ.ਐਸ.ਨਗਰ - 13-10-2020

ਵਿਸ਼ਾ- ਵਿਦਿਆਰਥੀਆਂ ਦੇ ਸਕੂਲ ਛੱਡਣ ਦੇ ਸਰਟੀਫਿਕੇਟ (ਟ੍ਰਾਂਸਫਰ ਸਰਟੀਫਿਕੇਟ) ਪ੍ਰਤੀ ਹਸਤਾਖਰ ਕਰਨ ਸੰਬੰਧੀ।

1.0 ਪੰਜਾਬ ਰਾਜ ਦੇ ਵੱਖ ਵੱਖ ਸਕੂਲਾਂ ਵਿੱਚ ਪੜਦੇ ਵਿਦਿਆਰਥੀਆਂ ਨੂੰ ਉਨ੍ਹਾਂ ਦਾ ਸਕੂਲ ਛੱਡ ਕੇ ਉਚੇਰੀ ਸਿੱਖਿਆ ਲਈ ਜਾਂ ਹੋਰਨਾਂ ਕਾਰਨਾਂ ਕਰਕੇ, ਸਕੂਲ ਛੱਡਣ ਦਾ ਸਰਟੀਫਿਕੇਟ ਜਿਲ੍ਹਾ ਸਿੱਖਿਆ ਅਫ਼ਸਰ ਤੋਂ ਪ੍ਰਤੀ ਹਸਤਾਖਰ ਕਰਵਾਉਣ ਦੀ ਲੋੜ ਪੈਂਦੀ ਹੈ, ਜਿਸ ਦੇ ਲਈ ਸਕੂਲ ਤੋਂ ਦਾਖਲਾ ਖਾਰਜ ਰਜਿਸਟਰ ਅਤੇ ਹੋਰ ਸੰਬੰਧਤ ਰਿਕਾਰਡ ਦੇ ਆਧਾਰ ਤੇ ਸਕੂਲ ਮੁਖੀ ਵੱਲੋਂ ਸੰਬੰਧਤ ਵਿਦਿਆਰਥੀ ਨੂੰ ਜਾਰੀ ਕੀਤਾ ਗਿਆ ਸਰਟੀਫਿਕੇਟ ਸਮੇਤ ਸਕੂਲ ਦੇ ਅਸਲ ਰਿਕਾਰਡ, ਸਕੂਲ ਦੇ ਕਿਸੇ ਜਿੰਮੇਵਾਰ ਕਰਮਚਾਰੀ ਰਾਂਹੀ ਜਿਲ੍ਹੇ ਦੇ ਦਫ਼ਤਰ ਭੇਜਣਾ ਪੈਂਦਾ ਹੈ। ਕਈ ਵਾਰ ਦਫ਼ਤਰ ਵਿੱਚ ਡੀਲਿੰਗ ਸਹਾਇਕ ਦੇ ਜਾਂ ਹੋਰਨਾਂ ਅਧਿਕਾਰੀਆਂ ਦੇ ਹਾਜ਼ਰ ਨਾ ਹੋਣ ਕਾਰਨ ਇਸ ਕੰਮ ਦੇ ਲਈ ਸੰਬੰਧਤ ਵਿਦਿਆਰਥੀ ਅਤੇ ਸਕੂਲ ਦੇ ਕਰਮਚਾਰੀਆਂ ਨੂੰ ਦਫ਼ਤਰ ਦੇ ਕਈ ਗੇੜੇ ਮਾਰਨੇ ਪੈਂਦੇ ਹਨ।

2.0 ਇਸ ਕਾਰਜਵਿਧੀ ਨੂੰ ਸਰਲ ਬਣਾਉਣ ਲਈ ਸਿੱਖਿਆ ਵਿਭਾਗ ਵੱਲੋਂ ਆਨ-ਲਾਈਨ ਪੋਰਟਲ ਤਿਆਰ ਕੀਤਾ ਗਿਆ ਹੈ।ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਦੇ ਦਫਤਰ ਦਾ ਸੁਪਰਡੰਟ ਇਸ ਨਵੇਂ ਤਿਆਰ ਕੀਤੇ ਪੋਰਟਲ **epunjabschool.gov.in ਤੇ login** ਕਰਕੇ ਸਕੂਲ ਤੋਂ ਆਨ-ਲਾਈਨ ਪ੍ਰਾਪਤ ਟ੍ਰਾਂਸਫਰ ਸਰਟੀਫਿਕੇਟ ਦੀ ਕਾਪੀ ਦਾ ਪ੍ਰਿੰਟ ਲੈ ਕੇ 2 ਘੰਟੇ ਦੇ ਅੰਦਰ ਜਿਲ੍ਹਾ ਸਿੱਖਿਆ ਅਫਸਰ ਤੋਂ ਪ੍ਰਤੀ ਹਸਤਾਖਰ ਕਰਵਾ ਕੇ ਸਬੰਧਤ ਨੂੰ ਦੇਣਗੇ। ਮੌਕੇ ਤੇ ਜਿਲ੍ਹਾ ਸਿੱਖਿਆ ਅਫਸਰ ਦੇ ਕਿਸੇ ਵੀ ਕਾਰਨ ਦਫਤਰ ਵਿੱਚ ਮੌਜੂਦ ਨਾ ਹੋਣ ਦੀ **ਸੂਰਤ** ਵਿੱਚ ਉਨਾਂ ਦੇ ਦਫਤਰ ਵਿੱਚ ਆਉਣ ਤੇ ਤੁਰੰਤ ਜਾਰੀ ਕਰਵਾਉਣਗੇ। ਇਸ ਦੇ ਨਾਲ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸੁਪਰਡੰਟ ਦੇ ਦਫ਼ਤਰ ਵਿੱਚ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਉਨਾਂ ਦੀ ਜਿੰਮੇਵਾਰੀ ਦਫ਼ਤਰ ਵਿੱਚ ਹਾਜ਼ਰ ਸੀਨੀਅਰ ਕਰਮਚਾਰੀ ਨਿਭਾਉਣਗੇ।

3.0 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਪੋਰਟਲ ਤੇ ਸਰਟੀਫਿਕੇਟ ਅਪਲੋਡ ਕਰਨ ਤੋਂ ਪਹਿਲਾਂ ਸਬੰਧਤ ਵਿਦਿਆਰਥੀ ਦੇ ਵੇਰਵਿਆਂ ਦਾ ਮਿਲਾਨ ਚੰਗੀ ਤਰ੍ਹਾਂ ਸਕੂਲ ਦੇ ਦਾਖਲਾ ਖਾਰਿਜ ਰਜਿਸਟਰ ਨਾਲ ਕਰਨਗੇ। ਸਰਟੀਫਿਕੇਟ ਵਿਚ ਸਬੰਧਤ ਵਿਦਿਆਰਥੀਆਂ ਦੇ ਦਰਜ ਕੀਤੇ ਵੇਰਵਿਆਂ ਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਨਿੱਜੀ ਹੋਵੇਗੀ।

4.0 ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਿਸੇ ਵੀ ਸਕੂਲ ਦਾ ਰਿਕਾਰਡ ਦਫ਼ਤਰ ਵਿੱਚ ਮੰਗਵਾਉਣ ਦੀ ਜਰੂਰਤ ਨਹੀਂ ਹੈ। **ਇਸ ਮੰਤਵ ਲਈ ਸਕੂਲ ਦਾ ਕੋਈ ਵੀ ਅਧਿਆਪਕ / ਕਰਮਚਾਰੀ ਸਬੰਧਤ ਜਿਲਾ ਸਿੱਖਿਆ ਅਫਸਰ ਦੇ ਦਫਤਰ ਵਿੱਚ ਨਹੀਂ ਬੁਲਾਇਆ ਜਾਵੇਗਾ।**

ਇੰਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰਬਰ - ਉਕਤ / 25506। ਮਿਤੀ, ਐਸ.ਏ.ਐਸ.ਨਗਰ- 13-10-2020

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ -

1. ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡੀ.ਪੀ.ਆਈ.(ਸੈ.ਸਿ), ਪੰਜਾਬ।
3. ਡੀ.ਪੀ.ਆਈ.(ਐ.ਸਿ) ਪੰਜਾਬ।
4. ਸਮੂਹ ਬੀ.ਪੀ.ਈ.ਓਜ ਅਤੇ ਸਕੂਲ ਮੁਖੀ।

ਸਕੱਤਰ ਸਕੂਲ ਸਿੱਖਿਆ